CALIFORNIA
Water Boards

Gavin Newsom
Governor

Yana Garcia
Secretary for Environmental Protection

# ਰਾਜ ਜਲ ਸਰੋਤ ਨਿਯੰਤਰਣ ਬੋਰਡ

ਅਕਤੂਬਰ 5, 2024 **Correspondence ID:** «Mailing»

«OWNER_FIRST» «OWNER_LAST»
«CO» «CARE_OF»
«ADDRESS» «UNIT» «UNIT_NUMBER»
«CITY», «STATE» «ZIP»«Dash»«ZIP4»
**USPS Certified Mail No.:**

**ਦੀਰਘਕਾਲਕ ਧਰਤੀ ਹੇਠਲੇ ਪਾਣੀ ਪ੍ਰਬੰਧਨ ਐਕਟ (SGMA) ਤਹਿਤ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਦੀਆਂ ਲੋੜਾਂ ਸੰਬੰਧੀ ਸੂਚਨਾ-ਪੱਤਰ**

*Contact us to request information in your language:*
[bit.ly/LanguageAccessForm](bit.ly/LanguageAccessForm) | [sgma@waterboards.ca.gov](mailto:sgma@waterboards.ca.gov)
*Entre em contato conosco para solicitar informações no seu idioma.*
*Makipag-ugnayan sa amin para humiling ng impormasyon sa iyong wika.*
*ਆਪਣੀ ਭਾਸ਼ਾ ਵਿੱਚ ਜਾਣਕਾਰੀ ਪ੍ਰਾਪਤ ਕਰਨ ਲਈ ਸਾਡੇ ਨਾਲ ਸੰਪਰਕ ਕਰੋ।*

**ਤੁਹਾਨੂੰ 1 ਜਨਵਰੀ, 2025ਤੋਂ ਸ਼ੁਰੂ ਹੋਣ ਵਾਲੇ ਆਪਣੇ ਧਰਤੀ ਹੇਠਲੇ ਪਾਣੀ ਨੂੰ ਕੱਢਣ ਸੰਬੰਧੀ ਟਰੈਕ ਕਰਨ ਅਤੇ ਦੀਰਘਕਾਲਕ ਧਰਤੀ ਹੇਠਲੇ ਪਾਣੀ ਪ੍ਰਬੰਧਨ ਐਕਟ (SGMA) ਦੇ ਅਨੁਸਾਰ 1 ਫਰਵਰੀ, 2026ਤੱਕ ਰਾਜ ਜਲ ਸਰੋਤ ਨਿਯੰਤਰਣ ਬੋਰਡ (ਰਾਜ ਜਲ ਬੋਰਡ) ਨੂੰ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਦੀ ਲੋੜ ਹੋ ਸਕਦੀ ਹੈ। ਇਹ ਸੂਚਨਾ-ਪੱਤਰ ਤੁਹਾਨੂੰ ਹੁਣ ਅਗਲੇ ਪੜਾਅ 'ਤੇ ਲੈ ਜਾਣ ਵਿੱਚ ਮਦਦ ਕਰੇਗਾ ਤਾਂ ਜੋ ਤੁਸੀਂ ਬਾਅਦ ਵਿੱਚ ਆਪਣੀਆਂ ਧਰਤੀ ਹੇਠਾਂ ਤੋਂ ਪਾਣੀ ਬਾਹਰ ਕੱਢਣ ਦੀ ਰਿਪੋਰਟ ਕਰਨ ਦੀਆਂ ਜ਼ਿੰਮੇਵਾਰੀਆਂ ਨੂੰ ਅਸਾਨੀ ਨਾਲ ਪੂਰਾ ਕਰ ਸਕੋ।**

## ਇਸ ਸੂਚਨਾ-ਪੱਤਰ ਦਾ ਉਦੇਸ਼

ਇਹ ਸੂਚਨਾ-ਪੱਤਰ ਟੂਲੇ ਸਬਬੇਸਿਨ ਵਿੱਚ ਧਰਤੀ ਹੇਠਲੇ ਪਾਣੀ ਦੇ ਖੂਹ ਮਾਲਕਾਂ ਲਈ ਨਵੀਆਂ ਜ਼ਿੰਮੇਵਾਰੀਆਂ ਦੀ ਵਿਆਖਿਆ ਕਰਦਾ ਹੈ, ਜਿਸ ਨੂੰ ਰਾਜ ਜਲ ਬੋਰਡ ਨੇ 17 ਸਤੰਬਰ, 2024 ਨੂੰ ਦੀਰਘਕਾਲਕ ਧਰਤੀ ਹੇਠਲੇ ਪਾਣੀ ਪ੍ਰਬੰਧਨ ਐਕਟ (SGMA) ਦੇ ਤਹਿਤ "ਪ੍ਰੋਬੇਸ਼ਨਰੀ" ਵਜੋਂ ਨਾਮਜ਼ਦ ਕੀਤਾ ਸੀ। ਇਸ ਸਬਬੇਸਿਨ ਦੇ ਅੰਦਰ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਵਾਲਿਆਂ (ਜੋ ਲੋਕ ਧਰਤੀ ਹੇਠਲੇ ਪਾਣੀ ਨੂੰ ਪੰਪ ਰਾਹੀਂ ਬਾਹਰ ਕੱਢਦੇ ਹਨ) ਨੂੰ **1 ਜਨਵਰੀ, 2025**ਤੋਂ ਆਪਣੇ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਸੰਬੰਧੀ ਟਰੈਕ ਕਰਨਾ ਅਤੇ **1 ਫਰਵਰੀ, 2026**ਤੱਕ ਰਾਜ ਜਲ ਬੋਰਡ ਨੂੰ ਸਾਲਾਨਾ ਧਰਤੀ ਹੇਠਲਾ ਪਾਣੀ ਕੱਢਣ ਦੀਆਂ ਰਿਪੋਰਟਾਂ ਜਮ੍ਹਾਂ ਕਰਵਾਉਣੀਆਂ ਜ਼ਰੂਰੀ ਹਨ, ਜਦੋਂ ਤੱਕ ਕਿ

ਉਹ ਡੈਲਾਨੋ-ਅਰਲੀਮਾਰਟ ਸਿੰਚਾਈ ਜ਼ਿਲ੍ਹਾ ਭੂਮੀਗਤ ਦੀਰਘਕਾਲਕ ਏਜੰਸੀ (Delano-Earlimart Irrigation District Groundwater Sustainability Agency) ਜਾਂ ਕੇਰਨ-ਟੁਲਾਰੇ ਜਲ ਜ਼ਿਲ੍ਹਾ ਧਰਤੀ ਹੇਠਲਾ ਪਾਣੀ ਦੀਰਘਕਾਲਕ ਏਜੰਸੀ (Kern-Tulare Water District Groundwater Sustainability Agency) ਦੇ ਰਾਹੀਂ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਸੰਬੰਧੀ ਲਾਗੂ ਸ਼ਰਤਾਂ ਤੋਂ ਛੋਟ ਜਾਂ *ਡੀ ਮਿਨੀਮਿਸ ਐਕਸਟ੍ਰੈਕਟਰ (de minimis extractors)* ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ। *ਡੀ ਮਿਨੀਮਿਸ* ਐਕਸਟ੍ਰੈਕਟਰ (de minimis extractor) ਇੱਕ ਖੂਹ ਦਾ ਮਾਲਕ ਹੁੰਦਾ ਹੈ ਜੋ ਸਿਰਫ ਘਰੇਲੂ ਉਦੇਸ਼ਾਂ ਲਈ ਪ੍ਰਤੀ ਸਾਲ ਕੁੱਲ ਦੋ ਏਕੜ ਫੁੱਟ ਜਾਂ ਇਸ ਤੋਂ ਘੱਟ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਦਾ ਹੈ।

ਇਸ ਸਬਬੇਸਿਨ ਤੋਂ ਹਰ ਸਾਲ 500 ਏਕੜ ਫੁੱਟ ਤੋਂ ਵੱਧ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਵਾਲਿਆਂ ਨੂੰ ਆਪਣੇ ਖੂਹਾਂ 'ਤੇ ਪ੍ਰਮਾਣਿਤ ਪ੍ਰਵਾਹ ਮੀਟਰ ਲਗਾਉਣ ਅਤੇ ਵਰਤਣ ਦੀ ਲੋੜ ਹੋਵੇਗੀ ਜਾਂ ਰਾਜ ਜਲ ਬੋਰਡ ਵੱਲੋਂ ਪ੍ਰੋਬੇਸ਼ਨਰੀ ਨਾਮਜ਼ਦਗੀ ਵਿੱਚ ਪਛਾਣੇ ਗਏ ਵਿਕਲਪਕ ਤਰੀਕਿਆਂ ਵਿੱਚੋਂ ਇੱਕ ਦੀ ਵਰਤੋਂ ਕਰਨੀ ਪਵੇਗੀ। ਵਧੇਰੇ ਜਾਣਕਾਰੀ ਲਈ ਇੱਥੇ ਵੇਖੋ bit.ly/sgma-tule

**ਪਿਛੋਕੜ**

SGMA ਤਹਿਤ ਕੁਝ ਸਥਿਤੀਆਂ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਵਿੱਚੋਂ ਇੱਕ ਸਥਿਤੀ ਉਦੋਂ ਹੁੰਦੀ ਹੈ ਜਦੋਂ ਰਾਜ ਜਲ ਬੋਰਡ ਇੱਕ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਵਜੋਂ ਨਾਮਜ਼ਦ ਕਰਦਾ ਹੈ, ਜੋ ਸਿਰਫ ਉਦੋਂ ਹੁੰਦਾ ਹੈ ਜਦੋਂ ਧਰਤੀ ਹੇਠਲੇ ਪਾਣੀ ਨੂੰ ਲੰਬੇ ਸਮੇਂ ਤੱਕ ਬਚਾਉਣ ਸੰਬੰਧੀ ਪ੍ਰਬੰਧਨ ਲਈ ਸਥਾਨਕ ਕੋਸ਼ਿਸ਼ਾਂ ਅਸਫਲ ਹੋ ਰਹੀਆਂ ਹੋਣ। ਕੁਝ ਅਪਵਾਦਾਂ ਨੂੰ ਛੱਡ ਕੇ, ਕੋਈ ਵੀ ਵਿਅਕਤੀ ਜ ੋ ਪ੍ਰੋਬੇਸ਼ਨਰੀ ਸਬਬੇਸਿਨ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਦਾ ਹੈ, ਉਸ ਨੂੰ ਆਪਣੇ ਮਹੀਨਾਵਾਰ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਸੰਬੰਧੀ ਟਰੈਕ ਕਰਨਾ ਚਾਹੀਦਾ ਹੈ, ਰਿਪੋਰਟਾਂ ਜਮ੍ਹਾਂ ਕਰਾਉਣੀਆਂ ਚਾਹੀਦੀਆਂ ਹਨ, ਅਤੇ ਹਰ ਸਾਲ ਰਾਜ ਜਲ ਬੋਰਡ ਨੂੰ ਫੀਸਾਂ ਦਾ ਭੁਗਤਾਨ ਕਰਨਾ ਚਾਹੀਦਾ ਹੈ ਜਦੋਂ ਕਿ ਸਬਬੇਸਿਨ ਪ੍ਰ ੋਬੇਸ਼ਨ ਅਧੀਨ ਹੁੰਦਾ ਹੈ ਜਾਂ ਰਾਜ ਜਲ ਬੋਰਡ ਦਾ ਅੰਤਰਿਮ ਪ੍ਰਬੰਧਨ ਯੋਜਨਾ ਦੇ ਅਧੀਨ ਹੁੰਦਾ ਹੈ।

*ਇਹ ਨਿਰਧਾਰਤ ਕਰਨ ਲਈ ਕਿਰਪਾ ਕਰਕੇ ਹੇਠਾਂ ਦਿੱਤਾ ਸੈਕਸ਼ਨ ਦੇਖੋ ਕਿ ਕੀ ਤੁਹਾਨੂੰ ਧਰਤੀ ਹੇਠਲਾ ਪਾਣੀ ਕੱਢਣ ਦੀ ਰਿਪੋਰਟ ਕਰਨ ਅਤੇ ਫੀਸਾਂ ਦਾ ਭੁਗਤਾਨ ਕਰਨ ਤੋਂ ਛੋਟ ਹੈ।* ਇਹ ਜ਼ਿੰਮੇਵਾਰੀਆਂ ਤੁਹਾਡੇ ਧਰਤੀ ਹੇਠਲੇ ਪਾਣੀ ਦੀਰਘਕਾਲਕ ਏਜੰਸੀ (GSA) ਦੁਆਰਾ ਤੁਹਾਡੇ 'ਤੇ ਲਗਾਈਆਂ ਗਈਆਂ ਕਿਸੇ ਵੀ ਜ਼ਿੰਮੇਵਾਰੀਆਂ ਤੋਂ ਵੱਖਰੀਆਂ ਹਨ। ਜੇ ਰਾਜ ਜਲ ਬੋਰਡ ਆਖਰਕਾਰ ਪ੍ਰੋਬੇਸ਼ਨਰੀ ਸਬਬੇਸਿਨ ਲਈ ਅੰਤਰਿਮ ਪ੍ਰਬੰਧਨ ਯੋਜਨਾ ਵਿਕਸਤ ਕਰਦਾ ਹੈ, ਤਾਂ ਇਹ ਅੰਤਰਿਮ ਯੋਜਨਾ ਦੇ ਵਿਕਾਸ ਵਿੱਚ ਸਹਾਇਤਾ ਲਈ ਰਿਪੋਰਟ ਕੀਤੇ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੇ ਮੁੱਲਾਂ ਦੀ ਵਰਤੋਂ ਕਰ ਸਕਦਾ ਹੈ।

SGMA ਅਤੇ ਰਾਜ ਜਲ ਬੋਰਡ ਦੀ ਭੂਮਿਕਾ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਸਾਡੀ SGMA ਵੈੱਬਸਾਈਟ 'ਤੇ ਵੇਖੋ https://waterboards.ca.gov/sgma ਜਾਂ "ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਵਾਲਿਆਂ ਅਤੇ ਰਾਜ ਦ ੀ ਦਖਲਅੰਦਾਜ਼ੀ ਬਾਰੇ SGMA ਤਹਿਤ ਅਕਸਰ ਪੁੱਛੇ ਜਾਂਦੇ ਸਵਾਲਾਂ ਦਾ ਹਵਾਲਾ ਲੈਣ ਲਈ ਇੱਥੇ ਵੇਖੋ" bit.ly/SGMA-pumper-FAQ

**ਇਹ ਕਿਵੇਂ ਨਿਰਧਾਰਤ ਕਰਨਾ ਹੈ ਕਿ ਕੀ ਤੁਹਾਨੂੰ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਦੀਆਂ ਲੋੜਾਂ ਤੋਂ ਛੋਟ ਦਿੱਤੀ ਗਈ ਹੈ**

ਜੇ ਇਹਨਾਂ ਵਿੱਚੋਂ ਕੋਈ ਵੀ ਸਥਿਤੀ ਤੁਹਾਡੇ 'ਤੇ ਲਾਗੂ ਹੁੰਦੀ ਹੈ ਤਾਂ ਤੁਸੀਂ SGMA ਰਿਪੋਰਟ ਕਰਨ ਦੀਆਂ ਲੋੜਾਂ ਦੇ ਅਧੀਨ ਨਹੀਂ ਹੋ:

1. ਤੁਸੀਂ ਡੇਲਾਨੋ-ਅਰਲੀਮਾਰਟ (Delano-Earlimart) ਸਿੰਚਾਈ ਜ਼ਿਲ੍ਹਾ GSA ਜਾਂ ਕੇਰਨ-ਟੁਲਾਰੇ (Kern-Tulare) ਜਲ ਜ਼ਿਲ੍ਹਾ GSA ਦੀਆਂ ਸੀਮਾਵਾਂ ਦੇ ਅੰਦਰ ਧਰਤੀ ਹੇਠਲੇ ਪਾਣੀ ਨੂੰ ਕੱਢਦੇ ਹੋ, ਉਨ੍ਹਾਂ GSAs ਵਿੱਚੋਂ ਕਿਸੇ ਇੱਕ ਦੀ ਪ੍ਰਬੰਧਨ ਕਾਰਵਾਈਆਂ ਦੇ ਅਧੀਨ ਹੁੰਦੇ ਹੋ, ਅਤੇ ਉਨ੍ਹਾਂ ਪ੍ਰਬੰਧਨ ਕਾਰਵਾਈਆਂ ਦੀ ਪਾਲਣਾ ਕਰਦੇ ਹੋ। ਤੁਸੀਂ ਆਪਣੇ GSA ਦਾ ਨਾਮ ਇੱਥੇ ਲੱਭ ਸਕਦੇ ਹੋ: bit.ly/my-gsa
2. ਟੂਲੇ ਸਬਬੇਸਿਨ ਵਿੱਚ ਤੁਹਾਡੇ ਕੋਲ ਕੋਈ ਧਰਤੀ ਹੇਠਲੇ ਪਾਣੀ ਦੇ ਖੂਹ ਨਹੀਂ ਹਨ।
3. ਤੁਸੀਂ ਇੱਕ *ਡੀ ਮਿਨੀਮਿਸ*ਐਕਸਟ੍ਰੈਕਟਰ (de minimis extractors) ਹੋ, ਜਿਸਦਾ ਮਤਲਬ ਹੈ ਕਿ ਤੁਹਾਡੇ ਕੋਲ ਟੂਲੇ ਸਬਬੇਸਿਨ ਵਿੱਚ ਇੱਕ ਜਾਂ ਵਧੇਰੇ ਧਰਤੀ ਹੇਠਲੇ ਪਾਣੀ ਦੇ ਖੂਹ ਹਨ, *ਪਰ:*
   - ਤੁਸੀਂ ਧਰਤੀ ਹੇਠੋਂ ਕੱਢੇ ਪਾਣੀ ਦੀ ਵਰਤੋਂ ਸਿਰਫ ਘਰੇਲੂ (ਘਰੇਲੂ) ਉਦੇਸ਼ਾਂ ਲਈ ਕਰਦੇ ਹੋ; <u>*ਅਤੇ*</u>
   - ਤੁਹਾਡੇ ਸਾਰੇ ਖੂਹਾਂ ਨੂੰ ਮਿਲਾ ਕੇ ਪ੍ਰਤੀ ਸਾਲ ਦੋ ਏਕੜ-ਫੁੱਟ ਜਾਂ ਇਸ ਤੋਂ ਘੱਟ ਪਾਣੀ ਧਰਤੀ ਹੇਠੋਂ ਕੱਢਿਆ ਜਾਂਦਾ ਹੈ।

ਜੇ ਤੁਹਾਨੂੰ ਇਹ ਸੂਚਨਾ-ਪੱਤਰ ਪ੍ਰਾਪਤ ਹੋਇਆ ਹੈ ਅਤੇ ਟੂਲੇ ਸਬਬੇਸਿਨ ਵਿੱਚ ਤੁਹਾਡਾ ਕੋਈ ਖੂਹ ਨਹੀਂ ਹੈ ਜਾਂ ਤੁਸੀਂ ਇੱਕ *ਡੀ ਮਿਨੀਮਿਸ* ਐਕਸਟ੍ਰੈਕਟਰ (de minimis extractors) ਨਹੀਂ ਹੋ, ਤਾਂ ਕਿਰਪਾ ਕਰਕੇ ਰਾਜ ਜਲ ਬੋਰਡ ਨੂੰ ਸੂਚਿਤ ਕਰਨ ਲਈ gears.waterboards.ca.gov'ਤੇ ਧਰਤੀ ਹੇਠਲੇ ਪਾਣੀ ਕੱਢਣ ਦੀ ਸਾਲਾਨਾ ਰਿਪੋਰਟਿੰਗ ਪ੍ਰਣਾਲੀ (GEARS) 'ਤੇ ਵੇਖੋ ਕਿ ਤੁਸੀਂ SGMA ਰਿਪੋਰਟ ਕਰਨ ਦੀਆਂ ਲੋੜਾਂ ਦੇ ਅਧੀਨ ਨਹੀਂ ਹੋ। ਬੋਰਡ ਨੂੰ ਸੂਚਿਤ ਕਰਨ ਲਈ ਕੋਈ ਫੀਸ ਨਹੀਂ ਹੈ ਕਿ ਤੁਹਾਨੂੰ ਛੋਟ ਦਿੱਤੀ ਗਈ ਹੈ; ਇੱਕ ਵਾਰ ਜਦੋਂ ਤੁਸੀਂ ਬੋਰਡ ਨੂੰ ਸੂਚਿਤ ਕਰਦੇ ਹੋ, ਤਾਂ ਤੁਹਾਨੂੰ ਮੇਲ ਕਰਨ ਵਾਲੀ ਸੂਚੀ ਤੋਂ ਹਟਾ ਦਿੱਤਾ ਜਾਵੇਗਾ ਅਤੇ ਭਵਿੱਖ ਵਿੱਚ ਤੁਹਾਨੂੰ ਆਪਣੀ ਛੋਟ ਦੀ ਰਿਪੋਰਟ ਕਰਨ ਦੀ ਲੋੜ ਨਹੀਂ ਪਵੇਗੀ। ਨਹੀਂ ਤਾਂ, ਬੋਰਡ ਇਹ ਮੰਨ ਸਕਦਾ ਹੈ ਕਿ ਤੁਸੀਂ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀਆਂ ਰਿਪੋਰਟ ਕਰਨ ਵਾਲੀਆਂ ਲੋੜਾਂ ਅਤੇ ਫੀਸਾਂ ਦੇ ਅਧੀਨ ਹੋ।

**ਆਪਣੇ ਧਰਤੀ ਹੇਠਲੇ ਪਾਣੀ ਦੇ ਬਾਹਰ ਕੱਢਣ ਸੰਬੰਧੀ ਟਰੈਕ ਕਰਨਾ ਕਿਵੇਂ ਸ਼ੁਰੂ ਕਰਨਾ ਹੈ**

ਤੁਹਾਨੂੰ **<u>1 ਜਨਵਰੀ, 2025 ਤੋਂ ਰਾਜ ਜਲ ਬੋਰਡ ਨੂੰ ਰਿਪੋਰਟ ਕਰਨ ਲਈ ਆਪਣੀ ਮਹੀਨਾਵਾਰ ਧਰਤੀ ਹੇਠਲੇ ਪਾਣੀ ਦੀ ਬਾਹਰ ਕੱਢੀ ਗਈ ਮਾਤਰਾ ਨੂੰ ਟਰੈਕ ਕਰਨ ਦੀ ਲੋੜ ਹੋਵੇਗੀ।</u>** SGMA ਵੱਲੋਂ ਇਹ ਲਾਜ਼ਮੀ ਕੀਤਾ ਗਿਆ ਹੈ ਕਿ ਧਰਤੀ ਹੇਠੋਂ ਕੱਢੇ ਗਏ ਪਾਣੀ ਦੀ ਮਾਤਰਾ ਨੂੰ ਰਾਜ ਜਲ ਬੋਰਡ ਰਾਹੀਂ ਸੰਤੁਸ਼ਟੀਜਨਕ ਉਪਕਰਨ ਜਾਂ ਵਿਧੀ ਰਾਹੀਂ ਮਾਪਿਆ ਜਾਵੇ। ਕਿਰਪਾ ਕਰਕੇ "ਧਰਤੀ ਹੇਠੋਂ ਕੱਢੇ ਪਾਣੀ ਦੀ ਮਾਤਰਾ ਮਾਪਣ ਲਈ ਵਿਕਲਪ (Options for Measuring Extraction Volumes)," ਨਾਮਕ ਦਸਤਾਵੇਜ਼ ਨੂੰ ਦੇਖੋ, ਜੋ ਧਰਤੀ ਹੇਠੋਂ ਕੱਢੇ ਪਾਣੀ ਦੀ ਮਾਤਰਾ ਮਾਪਣ ਲਈ ਕਈ ਤਰੀਕਿਆਂ ਦਾ ਵਰਣਨ ਕਰਦਾ ਹੈ: bit.ly/measure-extractions

**<u>ਮਹੱਤਵਪੂਰਨ ਟਿੱਪਣੀ</u>**: ਜੇ ਤੁਸੀਂ ਟੂਲੇ ਸਬਬੇਸਿਨ ਤੋਂ **ਪ੍ਰਤੀ ਸਾਲ 500 ਏਕੜ ਫੁੱਟ ਤੋਂ ਵੱਧ ਧਰਤੀ ਹੇਠਲਾ ਪਾਣੀ**ਬਾਹਰ ਕੱਢਦੇ ਹੋ, ਤਾਂ ਤੁਹਾਨੂੰ 1 ਜਨਵਰੀ, 2025 ਤੋਂ ਰਾਜ ਜਲ ਬੋਰਡ ਵੱਲੋਂ ਸੰਤੁਸ਼ਟੀਜਨਕ ਕਿਸੇ ਵੀ ਉਪਕਰਨ ਜਾਂ ਵਿਧੀ ਦੀ ਵਰਤੋਂ ਕਰਦਿਆਂ ਆਪਣੇ ਧਰਤੀ ਹੇਠੋਂ ਕੱਢੇ ਗਏ ਪਾਣੀ ਦੀ ਮਾਤਰਾ ਨੂੰ ਮਾਪਣਾ ਸ਼ੁਰੂ ਕਰਨਾ ਚਾਹੀਦਾ ਹੈ, ਅਤੇ ਇਸ ਤੋਂ ਇਲਾਵਾ **<u>1 ਮਾਰਚ 2025 ਤੋਂ ਸ਼ੁਰੂ ਹੋਣ ਵਾਲੇ</u>** ਤੁਹਾਡੇ ਰਾਹੀਂ ਧਰਤੀ ਹੇਠੋਂ ਕੱਢੇ ਗਏ ਪਾਣੀ ਨੂੰ ਮਾਪਣ ਲਈ ਪ੍ਰਮਾਣਿਤ ਫਲੋ ਮੀਟਰ ਜਾਂ ਰਾਜ ਜਲ ਬੋਰਡ ਦੇ ਪ੍ਰੋਬੇਸ਼ਨਰੀ ਨਾਮਜ਼ਦਗੀ ਮਤੇ ਵਿੱਚ ਪਛਾਣੇ ਗਏ ਵਿਕਲਪਕ ਤਰੀਕਿਆਂ ਵਿੱਚੋਂ ਇੱਕ ਦੀ ਵਰਤੋਂ ਕਰਨੀ ਚਾਹੀਦੀ ਹੈ, ਕੁਝ ਅਪਵਾਦਾਂ ਨੂੰ ਛੱਡ ਕੇ। ਇਨ੍ਹਾਂ ਸ਼ਰਤਾਂ ਬਾਰੇ ਹੋਰ ਜਾਣਨ ਲਈ ਇੱਥੇ ਵੇਖੋ bit.ly/sgma-tule

## ਆਪਣੀ ਸਾਲਾਨਾ ਧਰਤੀ ਹੇਠਲੇ ਪਾਣੀ ਕੱਢਣ ਦੀ ਰਿਪੋਰਟ ਕਿਵੇਂ ਜਮ੍ਹਾਂ ਕਰਨੀ ਹੈ ਅਤੇ ਫੀਸਾਂ ਦਾ ਭੁਗਤਾਨ ਕਿਵੇਂ ਕਰਨਾ ਹੈ

ਤੁਹਾਨੂੰ **<u>1 ਫਰਵਰੀ, 2026</u>** ਤੱਕ ਰਾਜ ਜਲ ਬੋਰਡ ਨੂੰ ਸਾਲਾਨਾ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਜਮ੍ਹਾਂ ਕਰਵਾਉਣੀ ਪਵੇਗੀ, ਅਤੇ ਇਸ ਤੋਂ ਬਾਅਦ ਹਰ ਸਾਲ ਸਾਲ ਉਸ ਹਿੱਸੇ ਲਈ ਜਦੋਂ ਬੇਸਿਨ ਪ੍ਰੋਬੇਸ਼ਨਰੀ ਸਥਿਤੀ ਵਿੱਚ ਹੈ, ਜਦੋਂ ਤੱਕ ਰਾਜ ਜਲ ਬੋਰਡ ਇਹ ਨਿਰਧਾਰਤ ਨਹੀਂ ਕਰਦਾ ਕਿ ਟੂਲੇ GSAs ਸਬਬੇਸਿਨ ਦਾ ਲੰਬੇ ਸਮੇਂ ਲਈ ਪ੍ਰਬੰਧਨ ਕਰ ਸਕਦੇ ਹਨ ਅਤੇ ਸਬਬੇਸਿਨ ਦੀ ਪ੍ਰੋਬੇਸ਼ਨਰੀ ਸਥਿਤੀ ਨੂੰ ਹਟਾ ਸਕਦੇ ਹਨ।

*<u>ਰਿਪੋਰਟ ਕਰਨ ਦੀ ਪ੍ਰਣਾਲੀ</u>*

ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀਆਂ ਸਾਰੀਆਂ ਰਿਪੋਰਟਾਂ ਧਰਤੀ ਹੇਠਲੇ ਪਾਣੀ ਕੱਢਣ ਦੀ ਸਾਲਾਨਾ ਰਿਪੋਰਟ ਕਰਨ ਵਾਲੀ ਪ੍ਰਣਾਲੀ (GEARS) ਰਾਹੀਂ ਜਮ੍ਹਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ:
gears.waterboards.ca.gov

GEARS ਖਾਤਾ ਬਣਾਉਣ ਲਈ ਤੁਹਾਨੂੰ ਇੱਕ ਪੱਤਰ-ਵਿਹਾਰ ID ਦੀ ਲੋੜ ਪਵੇਗੀ। ਤੁਹਾਡੀ ਪੱਤਰ-ਵਿਹਾਰ ID ਹੈ: «Mailing»

*<u>ਲੋੜੀਂਦੀ ਜਾਣਕਾਰੀ</u>*

ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀਆਂ ਰਿਪੋਰਟਾਂ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

- ਖੂਹ ਦੇ ਮਾਲਕ ਬਾਰੇ ਜਾਣਕਾਰੀ।
- ਖੂਹ ਦਾ ਟਿਕਾਣਾ ਅਤੇ ਪਾਣੀ ਬਾਹਰ ਕੱਢਣ ਦੀ ਸਮਰੱਥਾ।
- ਉਹ ਸਾਲ ਜਦੋਂ ਪਾਣੀ ਬਾਹਰ ਕੱਢਣਾ ਸ਼ੁਰੂ ਕੀਤਾ।
- ਧਰਤੀ ਹੇਠਲੇ ਪਾਣੀ ਦੀ ਵਰਤੋਂ ਕਿੱਥੇ ਕੀਤੀ ਜਾ ਰਹੀ ਹੈ ਅਤੇ ਵਰਤੋਂ ਦਾ ਮਕਸਦ ਕੀ ਹੈ।
- ਪਿਛਲੇ ਜਲ ਸਾਲ ਲਈ ਧਰਤੀ ਹੇਠੋਂ ਕੱਢੇ ਗਏ ਪਾਣੀ ਦੀ ਮਹੀਨਾਵਾਰ ਮਾਤਰਾ।[1]

[1] "ਜਲ ਸਾਲ" ਦਾ ਮਤਲਬ ਹੈ [1] ਅਕਤੂਬਰ ਤੋਂ ਅਗਲੇ ਸਾਲ 30ਸਤੰਬਰ ਤੱਕ 12 ਮਹੀਨਿਆਂ ਦੀ ਮਿਆਦ।

ਕਿਰਪਾ ਕਰਕੇ ਨਾਲ ਨੱਥੀ "ਧਰਤੀ ਹੇਠਲਾ ਪਾਣੀ ਕੱਢਣ ਦੀ ਰਿਪੋਰਟ ਤੁਰੰਤ ਗਾਈਡ (Groundwater Extraction Report Quick Guide)" ਨੂੰ ਦੇਖੋ, ਜੋ GEARS ਵਿੱਚ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਬਾਰੇ ਵਾਧੂ ਜਾਣਕਾਰੀ ਪ੍ਰਦਾਨ ਕਰਦੀ ਹੈ।

*ਧਰਤੀ ਹੇਠੋਂ ਪਾਣੀ ਬਾਹਰ ਕੱਢਣ ਦੀ ਫੀਸ*

ਰਾਜ ਜਲ ਬੋਰਡ ਕੋਲ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਜਮ੍ਹਾਂ ਕਰਦੇ ਸਮੇਂ ਤੁਹਾਨੂੰ ਸਾਲਾਨਾ ਧਰਤੀ ਹੇਠਲੇ ਪਾਣੀ ਕੱਢਣ ਦੀ ਫੀਸ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ, ਜਦ ਤੱਕ ਤੁਹਾਨੂੰ ਉੱਪਰ ਵਰਣਨ ਕੀਤੇ ਅਨੁਸਾਰ ਛੋਟ ਨਹੀਂ ਦਿੱਤੀ ਜਾਂਦੀ, ਜਾਂ ਜਦੋਂ ਤੱਕ ਤੁਹਾਨੂੰ ਫੀਸ ਮੁਆਫੀ ਨਹੀਂ ਮਿਲਦੀ।

ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਜਮ੍ਹਾਂ ਕਰਵਾਉਣ ਕਰਨ ਤੋਂ ਬਾਅਦ, ਤੁਹਾਨੂੰ ਮੇਲ ਵਿੱਚ ਇੱਕ ਵੱਖਰਾ ਬਿੱਲ ਪ੍ਰਾਪਤ ਹੋਵੇਗਾ। ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਫਾਈਲ ਕਰਨ ਤੋਂ ਬਾਅਦ, ਤੁਹਾਨੂੰ ਮੇਲ ਵਿੱਚ ਇੱਕ ਵੱਖਰਾ ਬਿੱਲ ਪ੍ਰਾਪਤ ਹੋਵੇਗਾ। ਧਰਤੀ ਹੇਠੋਂ ਪਾਣੀ ਕੱਢਣ ਦੀ ਫੀਸ ਵਿੱਚ ਸਾਲਾਨਾ ਬੇਸ ਫੀਸ, ਧਰਤੀ ਹੇਠਲੇ ਪਾਣੀ ਨੂੰ ਕੱਢਣ ਲਈ ਪ੍ਰਤੀ ਏਕੜ ਫੁੱਟ ਦੀ ਫੀਸ ਅਤੇ ਨਿਰਧਾਰਤ ਮਿਤੀ ਤੱਕ ਰਿਪੋਰਟਾਂ ਜਮ੍ਹਾਂ ਨਾ ਹੋਣ 'ਤੇ ਆਟੋਮੈਟਿਕ ਲੇਟ ਫੀਸ ਸ਼ਾਮਲ ਹੈ। ਜੇ ਰਿਪੋਰਟਾਂ ਸਮੇਂ ਸਿਰ ਜਮ੍ਹਾਂ ਨਹੀਂ ਕੀਤੀਆਂ ਜਾਂਦੀਆਂ, ਤਾਂ ਬੋਰਡ ਤੁਹਾਡੇ ਖਰਚੇ 'ਤੇ ਤੁਹਾਡੇ ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਮਾਤਰਾ ਅਤੇ ਰਿਪੋਰਟ ਕੀਤੀ ਜਾਣ ਵਾਲੀ ਹੋਰ ਜਾਣਕਾਰੀ ਦੀ ਜਾਂਚ ਅਤੇ ਨਿਰਧਾਰਤ ਕਰ ਸਕਦਾ ਹੈ। ਜੇ ਤੁਸੀਂ ਦੇਰ ਨਾਲ ਰਿਪੋਰਟ ਕਰਦੇ ਹੋ, ਤਾਂ ਤੁਹਾਨੂੰ 60 ਦਿਨਾਂ ਦਾ ਨੋਟਿਸ ਅਤੇ ਬਿਨਾਂ ਜੁਰਮਾਨੇ ਦੇ ਰਿਪੋਰਟ ਕਰਨ ਦਾ ਮੌਕਾ ਮਿਲੇਗਾ। ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਦੇ ਹਰ ਵਾਰ ਜਮ੍ਹਾਂ ਕਰਵਾਉਣ ਤੋਂ ਬਾਅਦ ਸਾਲਾਨਾ ਧਰਤੀ ਹੇਠੋਂ ਪਾਣੀ ਕੱਢਣ ਦੀਆਂ ਫੀਸਾਂ ਦੇ ਭੁਗਤਾਨ ਦੀ ਲੋੜ ਹੁੰਦੀ ਹੈ ਜਦੋਂ ਤੱਕ ਪ੍ਰੋਬੇਸ਼ਨਰੀ ਸਬਬੇਸਿਨ ਰਾਜ ਦੇ ਦਖਲ ਤੋਂ ਬਾਹਰ ਨਹੀਂ ਹੋ ਜਾਂਦਾ।

ਮੌਜੂਦਾ ਫੀਸ ਸ਼ਡਿਊਲ ਬਾਰੇ ਵਧੇਰੇ ਜਾਣਕਾਰੀ ਰਾਜ ਜਲ ਬੋਰਡ ਦੀ ਵੈੱਬਸਾਈਟ 'ਤੇ ਦੇਖੀ ਜਾ ਸਕਦੀ ਹੈ: bit.ly/sgma-reporting

| **ਫੀਸ ਸ਼੍ਰੇਣੀ** (ਇੱਕ ਤੋਂ ਵੱਧ ਅਰਜ਼ੀ ਦੇ ਸਕਦੇ ਹਨ) | **ਫੀਸ ਦੀ ਰਕਮ** | **ਜਿਨ੍ਹਾਂ ਧਿਰਾਂ 'ਤੇ ਲਾਗੂ ਹੁੰਦਾ ਹੈ** |
|---|---|---|
| ਸਾਲਾਨਾ ਬੇਸ ਫੀਸ | $300 ਪ੍ਰਤੀ ਖੂਹ | ਸਾਰੇ ਗੈਰ-ਛੋਟ ਵਾਲੇ ਧਰਤੀ ਹੇਠੋਂ ਪਾਣੀ ਕੱਢਣ ਵਾਲਿਆਂ ਨੂੰ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ। |
| ਵੌਲਿਊਮੈਟ੍ਰਿਕ ਰੇਟ | 20 ਡਾਲਰ ਪ੍ਰਤੀ ਏਕੜ ਫੁੱਟ ਧਰਤੀ ਹੇਠਲੇ ਪਾਣੀ ਨੂੰ ਪੰਪ ਰਾਹੀਂ ਬਾਹਰ ਕੱਢਿਆ ਗਿਆ | ਸਾਰੇ ਗੈਰ-ਛੋਟ ਵਾਲੇ ਧਰਤੀ ਹੇਠੋਂ ਪਾਣੀ ਕੱਢਣ ਵਾਲਿਆਂ ਨੂੰ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ। |
| ਲੇਟ ਫੀਸ | ਕੁੱਲ ਫੀਸ ਰਕਮ ਦਾ 25٪ ਪ੍ਰਤੀ ਮਹੀਨਾ ਲੇਟ ਫੀਸ | ਗੈਰ-ਛੋਟ ਵਾਲੇ ਧਰਤੀ ਹੇਠੋਂ ਪਾਣੀ ਕੱਢਣ ਵਾਲੇ ਜੋ ਨਿਰਧਾਰਤ ਮਿਤੀ ਤੱਕ ਰਿਪੋਰਟਾਂ ਜਮ੍ਹਾਂ ਨਹੀਂ ਕਰਵਾਉਂਦੇ। |

**ਤੁਹਾਡੀਆਂ ਫੀਸਾਂ ਮੁਆਫ ਕੀਤੀਆਂ ਜਾ ਸਕਦੀਆਂ ਹਨ (ਲੋੜੀਂਦੀ ਨਾ ਹੋਵੇ) ਭਾਵੇਂ ਤੁਹਾਨੂੰ ਰਿਪੋਰਟ ਕਰਨ ਦੀ ਲੋੜ ਹੋਵੇ**

ਕੈਲੀਫੋਰਨੀਆ ਕੋਡ ਆਫ ਰੈਗੂਲੇਸ਼ਨਜ਼, ਟਾਈਟਲ 23, ਸੈਕਸ਼ਨ 1044 ਦੇ ਅਨੁਸਾਰ, ਬੇਨਤੀ ਕਰਨ 'ਤੇ, ਰਾਜ ਜਲ ਬੋਰਡ ਤੁਹਾਡੇ ਲਈ ਫੀਸ ਦੀਆਂ ਲੋੜਾਂ ਨੂੰ ਮੁਆਫ ਕਰ ਸਕਦਾ ਹੈ ਧਰਤੀ ਹੇਠਲੇ ਪਾਣੀ ਕੱਢਣ ਵਾਲੇ ਜੋ ਹੇਠ ਲਿਖੇ ਮਾਪਦੰਡਾਂ ਵਿੱਚੋਂ ਕਿਸੇ ਨੂੰ ਪੂਰਾ ਕਰਦੇ ਹਨ, ਫੀਸ ਮੁਆਫੀ ਲਈ ਯੋਗ ਹੋ ਸਕਦੇ ਹਨ:

1. ਤੁਸੀਂ ਇੱਕ ਧਰਤੀ ਹੇਠੋਂ ਪਾਣੀ ਕੱਢਣ ਵਾਲੇ ਹੋ ਜੋ ਘੱਟ ਆਮਦਨ ਵਾਲੇ ਨਿਵਾਸੀ ਦੀ ਪਰਿਭਾਸ਼ਾ ਨੂੰ ਪੂਰਾ ਕਰਦਾ ਹੈ:
   a. ਤੁਹਾਡੀ ਘਰੇਲੂ ਆਮਦਨ ਸੰਘੀ ਗਰੀਬੀ ਦੇ ਪੱਧਰ ਦਾ 200 ਪ੍ਰਤੀਸ਼ਤ ਜਾਂ ਇਸ ਤੋਂ ਘੱਟ ਹੈ; *ਜਾਂ*
   b. ਤੁਸੀਂ ਇੱਕ ਯੋਗਤਾ ਪ੍ਰਾਪਤ ਆਮਦਨ-ਅਧਾਰਤ ਜਨਤਕ ਸਹਾਇਤਾ ਪ੍ਰੋਗਰਾਮ ਵਿੱਚ ਸ਼ਾਮਿਲ ਹੋ।
2. ਤੁਸੀਂ ਇੱਕ ਜਨਤਕ ਜਲ ਪ੍ਰਣਾਲੀ ਜਾਂ ਰਾਜ ਦੀ ਛੋਟੀ ਪਾਣੀ ਪ੍ਰਣਾਲੀ ਹੋ ਜੋ ਇੱਕ ਕਮਜ਼ੋਰ ਭਾਈਚਾਰੇ ਦੀ ਸੇਵਾ ਕਰਦੀ ਹੈ ਜਿੱਥੇ ਪਾਣੀ ਪ੍ਰਦਾਨ ਕਰਨ ਦਾ ਮੁੱਢਲਾ ਉਦੇਸ਼ ਮਨੁੱਖੀ ਖਪਤ, ਖਾਣਾ ਪਕਾਉਣ ਅਤੇ ਸਵੱਛਤਾ ਦੇ ਉਦੇਸ਼ਾਂ ਲਈ ਹੈ।
3. ਤੁਸੀਂ ਇੱਕ ਪਬਲਿਕ ਸਕੂਲ ਹੋ।

ਫੀਸ ਮੁਆਫੀ ਲਈ ਯੋਗ ਹੋਣ ਲਈ, ਤੁਹਾਨੂੰ **1 ਫਰਵਰੀ, 2026** ਤੱਕ ਆਪਣੀ ਸਾਲਾਨਾ ਧਰਤੀ ਹੇਠਲੇ ਪਾਣੀ ਕੱਢਣ ਦੀ ਰਿਪੋਰਟ ਜਮ੍ਹਾਂ ਕਰਵਾਉਣੀ ਪਵੇਗੀ। ਇਸ ਤੋਂ ਇਲਾਵਾ ਫੀਸ ਮੁਆਫੀ ਸੰਬੰਧੀ ਗਾਈਡਲਾਈਨਜ਼ ਜਲਦ ਹੀ ਆ ਰਹੀਆਂ ਹਨ ਅਤੇ ਜੋ ਕਿ ਰਾਜ ਜਲ ਬੋਰਡ ਦੀ ਵੈੱਬਸਾਈਟ 'ਤੇ ਪੋਸਟ ਕੀਤੀਆਂ ਜਾਣਗੀਆਂ।

ਜੇ ਇਸ ਸੂਚਨਾ-ਪੱਤਰ ਵਿੱਚ ਦਿੱਤੀ ਕਿਸੇ ਵੀ ਜਾਣਕਾਰੀ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਰਾਜ ਜਲ ਬੋਰਡ ਦੇ ਅਮਲੇ ਨਾਲ sgma@waterboards.ca.gov 'ਤੇ ਈਮੇਲ ਰਾਹੀਂ ਜਾਂ **(916) 322-6508** 'ਤੇ ਫ਼ੋਨ ਰਾਹੀਂ ਸੰਪਰਕ ਕਰੋ।

SGMA ਧਰਤੀ ਹੇਠਲੇ ਪਾਣੀ ਨੂੰ ਬਾਹਰ ਕੱਢਣ ਦੀ ਰਿਪੋਰਟ ਕਰਨ ਅਤੇ ਫੀਸ ਸੰਬੰਧੀ ਈਮੇਲ ਰਿਮਾਈਂਡਰ ਅਤੇ ਅਪਡੇਟਾਂ ਲਈ ਸਾਈਨ ਅੱਪ ਕਰੋ bit.ly/SWRCB-email-subscriptions (ਰਾਜ ਜਲ ਬੋਰਡ ਦੇ ਆਮ ਹਿੱਤਾਂ ਤਹਿਤ)।

**ਅਸੈਸਰਜ ਪਾਰਸਲ ਨੰਬਰ (Assessor's Parcel Number(s)) (APN) ਇਹ ਸੂਚਨਾ-ਪੱਤਰ ਇਸ ਬਾਰੇ ਹੈ:**

[INSERT PARCEL #]